# ਜਾਣਕਾਰੀ ਬੁਲੇਟਿਨ

31 ਅਗਸਤ, 2011 ਵਿਦਿਆ ਮਹਿਕਮਾ

**ਵਾਤਾਵਰਣ ਦੀ ਮਦਦ ਲਈ ਸਕੂਲ ਵਾਪਸ ਜਾਣ ਬਾਰੇ ਸੁਝਾਅ**

ਵਿਕਟੋਰੀਆ - ਹੁਣ ਜਦੋਂ ਕਿ ਪਰਿਵਾਰ ਆਪਣੇ ਬੱਚਿਆਂ ਨੂੰ ਸਕੂਲ ਵਾਪਸ ਭੇਜਣ ਲਈ ਤਿਆਰੀ ਕਰ ਰਹੇ ਹਨ, ਇਸ ਸਕੂਲ ਸਾਲ ਨੂੰ ਹਰਿਆ-ਭਰਿਆ ਬਣਾਉਣ ਵਿਚ ਪਰਿਵਾਰਾਂ ਦੀ ਮਦਦ ਲਈ ਕੁਝ ਸੁਝਾਅ ਇਹ ਹਨ:

**ਸਕੂਲ ਵਿਚ:**

- ਸਕੂਲ ਸਪਲਾਈ ਖਰੀਦਣ ਵੇਲੇ, ਉਹ ਚੀਜ਼ਾਂ ਖਰੀਦੋ ਜਿਹੜੀਆਂ ਮੁੜ ਕੇ ਵਰਤੀਆਂ ਜਾ ਸਕਦੀਆਂ ਹਨ ਜਾਂ ਜਿਨ੍ਹਾਂ ਦੀ ਪੈਕਿੰਗ ਰੀਸਾਈਕਲ ਹੋ ਸਕਦੀ ਹੈ, ਅਤੇ ਪਿਛਲੇ ਸਕੂਲ ਸਾਲ ਤੋਂ ਬਚੀ ਹੋਈ ਸਕੂਲ ਸਪਲਾਈ ਨੂੰ ਦੁਬਾਰਾ ਵਰਤੋ।
- ਆਪਣੇ ਬੱਚਿਆਂ ਨੂੰ ਉਤਸ਼ਾਹ ਦਿਉ ਕਿ ਉਹ ਸਕੂਲ ਦੀਆਂ ਟੂਟੀਆਂ ਤੋਂ ਪਾਣੀ ਲੈਣ, ਬੋਤਲਾਂ ਵਾਲੇ ਪਾਣੀ `ਤੇ ਨਿਰਭਰ ਨਾ ਕਰਨ।
- ਪਹਿਲਾਂ ਹੀ ਮੌਜੂਦ ਰੀਸਾਇਕਲਿੰਗ ਕਲੱਬ ਵਿਚ ਸਰਗਰਮ ਹੋਣ ਜਾਂ ਆਪਣੀ ਕਲੱਬ ਸ਼ੁਰੂ ਕਰਨ ਵਿਚ ਆਪਣੇ ਬੱਚਿਆਂ ਦੀ ਮਦਦ ਕਰੋ।
- ਰਹਿੰਦ-ਖੂੰਹਦ ਨੂੰ ਵੱਧ ਤੋਂ ਵੱਧ ਰੀਸਾਇਕਲ ਕਰੋ ਅਤੇ ਖਾਣੇ ਨੂੰ ਮੁੜ ਕੇ ਵਰਤੇ ਜਾ ਸਕਣ ਵਾਲੇ ਡੱਬਿਆਂ ਅਤੇ ਬੈਗਾਂ ਵਿਚ ਭੇਜ ਕੇ ਅਤੇ ਪਹਿਲਾਂ ਹੀ ਪੈਕ ਅਤੇ ਪ੍ਰੋਸੈੱਸ ਕੀਤੇ ਹੋਏ ਖਾਣਿਆਂ ਤੋਂ ਪਰਹੇਜ਼ ਕਰਕੇ ਆਪਣੇ ਬੱਚਿਆਂ ਲਈ ਰਹਿੰਦ-ਖੂੰਹਦ ਮੁਕਤ ਲੰਚ ਬਣਾਉਣ ਦੀ ਕੋਸ਼ਿਸ਼ ਕਰੋ।

**ਘਰ ਵਿਚ:**

- ਸਾਫ ਵੈਕਸਡ ਪੇਪਰ, ਪਲਾਸਟਿਕ ਬੈਗ ਅਤੇ ਟਿਨਫੋਇਲ ਕਈ ਵਾਰੀ ਦੁਬਾਰਾ ਵਰਤੇ ਜਾ ਸਕਦੇ ਹਨ, ਅਤੇ ਸਕੂਲ ਲੰਚਾਂ ਵਿਚ ਪਹਿਲਾਂ ਹੀ ਪੈਕ ਕੀਤੀਆਂ ਹੋਈਆਂ ਪੀਣ ਵਾਲੀਆਂ ਚੀਜ਼ਾਂ ਸ਼ਾਮਲ ਕਰਨ ਦੀ ਥਾਂ, ਠੰਢੇ ਦੁੱਧ ਜਾਂ ਜੂਸ ਦੀ ਇਕ ਛੋਟੀ ਥਰਮਸ ਬੋਤਲ ਬੇਲੋੜੀ ਪੈਕਿੰਗ ਘਟਾਏਗੀ।
- ਚੰਗੀ ਕੁਆਲਟੀ ਦੀਆਂ ਲੰਮਾ ਸਮਾਂ ਰਹਿਣ ਵਾਲੀਆਂ ਚੀਜ਼ਾਂ ਖਰੀਦੋ ਜਿਹੜੀਆਂ ਕਿ ਛੋਟੇ ਬੱਚਿਆਂ ਨੂੰ ਦਿੱਤੀਆਂ ਜਾ ਸਕਦੀਆਂ ਹਨ।
- ਕੱਪੜੇ ਧੋਣ ਵੇਲੇ ਠੰਢਾ ਪਾਣੀ ਵਰਤੋ।
- ਬੱਚਿਆਂ ਨੂੰ ਉਤਸ਼ਾਹ ਦਿਉ ਕਿ ਉਹ ਸ਼ਾਵਰ ਥੋੜ੍ਹੇ ਸਮੇਂ ਲਈ ਲੈਣ ਅਤੇ ਸ਼ਾਵਰਾਂ ਦੀਆਂ ਥੋੜ੍ਹਾ ਪਾਣੀ ਛੱਡਣ ਵਾਲੀਆਂ ਟੂਟੀਆਂ ਵਰਤਣ।
- ਇਹ ਪੱਕਾ ਕਰੋ ਕਿ ਪਾਣੀ ਦੀ ਅਜਾਈਂ ਵਰਤੋਂ ਦੀ ਥਾਂ ਬੱਚੇ ਆਪਣੇ ਦੰਦ ਸਾਫ ਕਰਨ ਵੇਲੇ ਟੂਟੀਆਂ ਬੰਦ ਰੱਖਣ।

- ਬੱਚਿਆਂ ਨੂੰ ਉਤਸ਼ਾਹ ਦਿਉ ਕਿ ਵਰਤੋਂ ਵਿਚ ਨਾ ਹੋਣ ਦੌਰਾਨ ਉਹ ਲਾਈਟਾਂ, ਬਿਜਲੀ ਦਾ ਸਮਾਨ ਅਤੇ ਕੰਪਿਊਟਰ ਬੰਦ ਕਰਨ।

**ਸੜਕ `ਤੇ:**

- ਗੱਡੀਆਂ ਦਾ ਧੂੰਆਂ ਘਟਾਉਣ ਲਈ ਆਪਣੇ ਬੱਚਿਆਂ ਨਾਲ ਸਕੂਲ ਨੂੰ ਤੁਰ ਕੇ ਜਾਉ ਜਾਂ ਸਾਈਕਲ `ਤੇ ਜਾਉ।
- ਆਪਣੇ ਬੱਚਿਆਂ ਨੂੰ ਉਤਸ਼ਾਹ ਦਿਉ ਕਿ ਉਹ ਜਿੰਨਾ ਵੀ ਹੋ ਸਕੇ ਸਕੂਲ ਨੂੰ ਜਾਣ ਲਈ ਬੱਸਾਂ ਦਾ ਸਰਕਾਰੀ ਸਿਸਟਮ ਵਰਤਣ ਜਾਂ ਆਂਢ-ਗੁਆਂਢ ਵਿਚ ਕਾਰਪੂਲ ਦਾ ਪ੍ਰਬੰਧ ਕਰੋ।
- ਸਕੂਲ ਨੂੰ ਜਾਣ ਲਈ ਕਾਰ ਲੈਣ ਦੀ ਬਜਾਏ ਕਾਰ ਸ਼ੇਅਰਿੰਗ ਕੋ-ਅਪਰੇਟਿਵ ਵਿਚ ਸ਼ਾਮਲ ਹੋਵੋ।
- ਜੇ ਤੁਹਾਨੂੰ ਬੱਚਿਆਂ ਨੂੰ ਸਕੂਲ ਕਾਰ ਵਿਚ ਹੀ ਲੈ ਕੇ ਜਾਣਾ ਪੈਣਾ ਹੈ ਤਾਂ ਆਉਂਦੇ ਸਮੇਂ ਉਹ ਕੰਮ ਵੀ ਕਰਦੇ ਆਉ ਜਿਹੜੇ ਤੁਹਾਨੂੰ ਕਰਨ ਦੀ ਲੋੜ ਹੈ।
- ਟਾਇਰਾਂ ਵਿਚਲੀ ਹਵਾ ਠੀਕ ਰੱਖੋ, ਹਫਤੇ ਬਾਅਦ ਟਾਇਰ ਚੈੱਕ ਕਰੋ ਅਤੇ ਆਪਣੀ ਕਾਰ ਦੀ ਰਿਪੇਅਰ ਨੇਮ ਨਾਲ ਕਰਾਉ।



**ਸੰਪਰਕ:**

ਗਵਰਮੈਂਟ ਕਮਿਉਨੀਕੇਸ਼ਨਜ਼ ਐਂਡ ਪਬਲਿਕ ਇਨਗੇਜਮੈਂਟ

ਵਿਦਿਆ ਮਹਿਕਮਾ
250 356-5963

www.gov.bc.ca/connect `ਤੇ ਬੀ.ਸੀ. ਸਰਕਾਰ ਨਾਲ ਸੰਪਰਕ ਕਰੋ।